ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ,
**PSPCL** ਦਫ: ਮੁੱਖ ਪ੍ਰਬੰਧਕੀ ਅਤੇ ਆਈ.ਆਰ,
ਮੁੱਖ ਦਫਤਰ,ਦੀ ਮਾਲ,ਪਟਿਆਲਾ
Tel: 0175 2213118, 0175 2203935 Fax 0175 2215897

ਵੱਲ

ਸਾਰੇ ਜਨਰਲ ਮੈਨੇਜਰ,ਪੀ.ਐਸ.ਪੀ.ਸੀ.ਐਲ।
ਸਾਰੇ ਇੰਜ:-ਇਨ-ਚੀਫ,/ਮੁੱਖ ਇੰਜ:, ਪੀ.ਐਸ.ਪੀ.ਸੀ.ਐਲ।
ਸਾਰੇ ਵਿਭਾਗਾਂ ਦੇ ਮੁੱਖੀ, ਪੀ.ਐਸ.ਪੀ.ਸੀ.ਐਲ।

ਪੱਤਰ ਨੰ: 73186/266 /ਜੀਬੀਟੀ-300/2013
ਮਿਤੀ: 19-10-12

ਵਿਸ਼ਾ: ਪੀ.ਐਸ.ਪੀ.ਸੀ.ਐਲ ਦੀ ਸਾਲ 2013 ਲਈ ਡਾਇਰੀ ਵਿੱਚ ਵੱਖ-2 ਅਧਿਕਾਰੀਆਂ ਦੇ ਨਾਮ,ਅਹੁਦਾ (ਅੰਗਰੇਜੀ ਅਤੇ ਪੰਜਾਬੀ ਦੋਵੇਂ ਭਾਸ਼ਾਵਾਂ ਵਿਚ) ਟੈਲੀਫੋਨ/ਮੋਬਾਇਲ ਨੰ: ਅਤੇ ਈ.ਮੇਲ ਐਡਰੈਸ ਛਾਪਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਆਪ ਜੀ ਦੀ ਸੰਸਥਾ ਨਾਲ ਸਬੰਧਤ ਸੀਨੀ.ਕਾਰਜਕਾਰੀ ਇੰਜ; ਅਤੇ ਇਸ ਤੋਂ ਉਪਰ ਪੱਧਰ ਦੇ ਅਧਿਕਾਰੀਆਂ ਦੇ ਨਾਂਮ ਅਹੁਦਾ,ਮੋਬਾਇਲ ਨੰ:ਦਫਤਰ ਅਤੇ ਰਿਹਾਇਸ਼ ਤੇ ਲੱਗੇ ਲੈਂਡ ਲਾਈਨ ਟੈਲੀਫੋਨ ਅਤੇ ਈ.ਮੇਲ ਐਡਰੈਸ ਸਬੰਧੀ ਅਪ ਡੇਟ ਕੀਤੀ ਸੂਚਨਾ ਆਪ ਦੀ ਸੰਸਥਾ ਨਾਲ ਸਬੰਧਤ 2012 ਦੀ ਡਾਇਰੀ ਦੇ ਪੰਨਿਆਂ ਦੀ ਕਾਪੀ ਤੇ ਲਾਲ ਸਿਆਹੀ ਨਾਲ ਲੋੜੀਂਦੀ ਸੋਧ ਕਰਕੇ ਇਸ ਦਫਤਰ ਵਿੱਚ ਮਿਤੀ 02.11.2012 ਤੱਕ ਸਪੈਸ਼ਲ ਦੂਤ ਰਾਹੀਂ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ। ਇਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਮਿਥੇ ਸਮੇਂ ਤੱਕ ਡਾਇਰੀ ਨਾਲ ਸਬੰਧਤ ਡਾਟਾ ਨਾ ਭੇਜਣ ਕਾਰਣ ਜੇਕਰ ਕਿਸੇ ਅਧਿਕਾਰੀ ਦਾ ਨਾਂ,ਅਹੁਦਾ,ਟੈਲੀਫੋਨ ਨੰ:/ਮੋਬਾਇਲ ਨੰ:ਅਤੇ ਈ.ਮੇਲ ਐਡਰੈਸ ਡਾਇਰੀ ਵਿੱਚ ਛੱਪਣ ਤੋਂ ਰਹਿ ਗਿਆ ਤਾਂ ਇਸ ਦੀ ਜਿੰਮੇਵਾਰੀ ਆਪ ਦੇ ਦਫਤਰ ਦੀ ਹੋਵੇਗੀ।

ਸੁਪਰਡੰਟ/ਜਨਰਲ ਭਾਗ-2,
ਪੰ:ਰਾ:ਪਾ:ਕਾ:ਲਿਮ:ਪਟਿਆਲਾ।

ਪਿੱਠ ਅੰਕਣ ਨੰ: 73867/327 /ਜੀਬੀਟੀ-300/2013 ਮਿਤੀ: 19-10-12

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੀ ਕਾਰਵਾਈ ਹਿੱਤ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਦਫਤਰੀ/ਰਿਹਾਇਸ਼ੀ ਟੈਲੀਫੋਨ/ਮੋਬਾਇਲ ਨੰਬਰ ਅਤੇ ਈ.ਮੇਲ ਐਡਰੈਸ ਤੁਰੰਤ ਇਸ ਦਫਤਰ ਨੂੰ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ ਤਾਂ ਜੋ ਇਹ ਡਾਟਾ ਡਾਇਰੀ ਵਿੱਚ ਛਾਪਿਆ ਜਾ ਸਕੇ।

1) ਸਾਰੇ ਸੀਨੀ.ਪੀ.ਐਸ/ਪੀ.ਐਸ ਟੂ ਸੀ.ਐਮ.ਡੀ/ ਡਾਇਰੈਕਟਰਜ਼, ਪੀ.ਐਸ. ਪੀ. ਸੀ. ਐਲ, ਉਨ੍ਹਾਂ ਨੂੰ ਬੇਨਤੀ ਹੈ ਕਿ ਸੀ.ਐਮ.ਡੀ/ਡਾਇਰੈਕਟਰਜ਼ ਸਾਹਿਬ ਨਾਲ ਅਟੈਚ ਅਧਿਕਾਰੀਆਂ ਸਬੰਧੀ ਡਾਇਰੀ ਵਿੱਚ ਛਾਪਣ ਵਾਲਾ ਡਾਟਾ ਵੀ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ।
2) ਸਾਰੇ ਜੁਆਇੰਟ ਸਕੱਤਰ/ਉਪ ਸਕੱਤਰ, ਪੀ.ਐਸ.ਪੀ.ਸੀ.ਐਲ ਪਟਿਅਲਾ ਨੂੰ ਬੇਨਤੀ ਹੈ ਕਿ ਉਨ੍ਹਾਂ ਦੇ ਕੰਟਰੋਲ ਅਧੀਨ, ਅਧੀਨ ਸਕੱਤਰ ਅਤੇ ਸੁਪਰਡੰਟ ਸਬੰਧੀ ਇਕੱਠੀ ਸੂਚਨਾ ਭੇਜੀ ਜਾਵੇ।

ਸੁਪਰਡੰਟ/ਜਨਰਲ ਭਾਗ-2,
ਪੰ:ਰਾ:ਪਾ:ਕਾ:ਲਿਮ:ਪਟਿਆਲਾ।

ਪਿੱਠ ਅੰਕਣ ਨੰ: 73328/334 /ਜੀਬੀਟੀ-300/2013 ਮਿਤੀ: 19-10-12

ਪਿਛਲੇ ਪੰਨੇ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਸੀਨੀ.ਕਾ:ਕਾ:ਇੰਜ:/ਕੋ-ਆਰਡੀਨੇਸ਼ਨ, ਪੀ.ਐਸ.ਪੀ.ਸੀ.ਐਲ,ਬੀ-533, ਨਿਊ ਫਰੈਂਡਜ ਕਲੋਨੀ, ਨਵੀਂ ਦਿੱਲੀ, ਉਨ੍ਹਾਂ ਨੂੰ ਬੇਨਤੀ ਹੈ ਕਿ ਹਰ ਸਾਲ ਦੀ ਤਰ੍ਹਾਂ ਦਿੱਲੀ ਵਿਖੇ ਮਹੱਤਵਪੂਰਨ ਅਧਿਕਾਰੀਆਂ ਦੇ ਨਾਮ ਅਤੇ ਟੈਲੀਫੋਨ ਨੰਬਰ ਅਤੇ ਈ.ਮੇਲ ਐਡਰੈਸ ਜਲਦੀ ਤੋਂ ਜਲਦੀ ਇਸ ਦਫਤਰ ਨੂੰ ਭੇਜੇ ਜਾਣ।
2. ਅਧੀਨ ਸਕੱਤਰ/ਲਈਅਨ,ਪੀ.ਐਸ.ਪੀ.ਸੀ.ਐਲ,ਪਟਿਆਲਾ ਨੂੰ ਬੇਨਤੀ ਹੈ ਕਿ ਹਰ ਸਾਲ ਦੀ ਤਰ੍ਹਾਂ ਹੇਠ ਲਿਖੇ ਵਿਭਾਗਾਂ ਦੇ ਮਹੱਤਵਪੂਰਨ ਅਧਿਕਾਰੀਆਂ ਦੇ ਨਾਮ,ਦਫਤਰ/ਘਰ ਦੇ ਟੈਲੀਫੋਨ/ਮੋਬਾਇਲ ਨੰਬਰ,ਈ.ਮੇਲ ਐਡਰੈਸ ਪ੍ਰਾਪਤ ਕਰਕੇ ਤੁਰੰਤ ਇਸ ਦਫਤਰ ਨੂੰ ਭੇਜੇ ਜਾਣ।
   - ੳ) ਮੁੱਖ ਮੰਤਰੀ,ਪੰਜਾਬ ਤੇ ਕੈਬਨਿਟ ਦੇ ਮੰਤਰੀ ਸਾਹਿਬਾਨ।
   - ਅ) ਪੰਜਾਬ ਸਰਕਾਰ ਦੇ ਮਹੱਤਵਪੂਰਨ ਅਧਿਕਾਰੀ।
   - ੲ) ਬੋਰਡਾਂ/ਨਿਗਮਾਂ/ਕਮਿਸ਼ਨਾਂ ਦੇ ਚੇਅਰਮੇਨ।
   - ਸ) ਹਰਿਆਣਾ ਸਟੇਟ ਇਲੈਕ:ਬੋਰਡ ਦੇ ਚੇਅਰਮੈਨ,ਮੈਬਰਜ਼।
   - ਹ) ਯੂ.ਟੀ ਦੇ ਮਹੱਤਵਪੂਰਨ ਅਧਿਕਾਰੀ।
   - ਕ) ਬੀ.ਬੀ.ਐਮ.ਬੀ, ਚੰਡੀਗੜ।
   - ਖ) ਪੀ.ਐਸ.ਪੀ.ਸੀ.ਐਲ ਤੇ ਦੂਸਰੇ ਗੈਸਟ ਹਾਊਸ/ਰੈਸਟ ਹਾਊਸ।

3) ਸੁਪਰਡੰਟ/ਬੋਰਡ,ਪੀ.ਐਸ.ਪੀ.ਸੀ.ਐਲ,ਪਟਿਆਲਾ ਨੂੰ ਬੇਨਤੀ ਹੈ ਕਿ ਹਰ ਸਾਲ ਦੀ ਤਰ੍ਹਾਂ ਹੋਰ ਰਾਜਾਂ ਦੇ ਬੋਰਡਾਂ ਦੇ ਚੇਅਰਮੈਨਾਂ ਦੇ ਨਾਮ, ਟੈਲੀਫੋਨ/ਮੋਬਾਇਲ ਨੰਬਰਾਂ ਅਤੇ ਈ.ਮੇਲ ਐਡਰੈਸ ਵਿੱਚ ਜੇਕਰ ਕੋਈ ਸੋਧ ਹੋਵੇ ਤਾਂ ਡਾਇਰੀ ਦੇ ਪੰਨਿਆਂ ਦੀ ਫੋਟੋ ਕਾਪੀ ਤੇ ਲੋੜੀਂਦੀ ਸੋਧ ਲਾਲ ਸਿਆਹੀ ਨਾਲ ਕਰਕੇ ਇਸ ਦਫਤਰ ਨੂੰ ਭੇਜੀ ਜਾਵੇ।

4) ਉਪ ਸਕੱਤਰ/ਜਨਰਲ, ਪੀ.ਐਸ.ਟੀ.ਸੀ.ਐਲ,ਪਟਿਆਲਾ ਨੂੰ ਬੇਨਤੀ ਹੈਕਿ ਪੀ.ਐਸ.ਟੀ.ਸੀ.ਐਲ ਨਾਲ ਸਬੰਧਤ ਸੀਨੀ.ਕਾ:ਕਾ:ਇੰਜ:ਅਤੇ ਇਸ ਤੋਂ ਉਪਰ ਪੱਧਰ ਦੇ ਅਧਿਕਾਰੀਆਂ ਦੇ ਨਾਮ,ਅਹੁਦਾ ਮੋਬਾਇਲ ਨੰ:/ਟੈਲੀਫੋਨ ਨੰਬਰ ਅਤੇ ਈ.ਮੇਲ ਐਡਰੈਸ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਸੁਪਰਡੰਟ/ਜਨਰਲ ਭਾਗ-2,
ਪੰ:ਰਾ:ਪਾ:ਕਾ:ਲਿਮ:ਪਟਿਆਲਾ

ਕਾਰਬਨ ਕਾਪੀ:
1. ਪੀ.ਐਸ.ਟੂ ਨਿਗ:ਇੰਜ:/ਪ੍ਰਸੋਨਲ,ਪੀ.ਐਸ.ਪੀ.ਸੀ.ਐਲ,ਪਟਿਆਲਾ।
2. ਨਿਗ:ਇੰਜ:/ਆਈ.ਟੀ, ਪੀ.ਐਸ.ਪੀ.ਸੀ.ਐਲ,ਪਟਿਆਲਾ ਨੂੰ ਬੇਨਤੀ ਹੈ ਕਿ ਇਸ ਪੱਤਰ ਨੂੰ ਪੀ.ਐਸ.ਪੀ.ਸੀ.ਐਲ ਦੀ ਵੈਬ-ਸਾਈਟ ਤੇ ਪਾ ਦਿੱਤਾ ਜਾਵੇ ਜੀ